APIAHF
ASIAN & PACIFIC ISLANDER AMERICAN HEALTH FORUM

ਸਤੰਬਰ 2024

# 2024-2025 ਕੋਵਿਡ-19 ਟੀਕਾਕਰਣ ਸਿਫਾਰਸ਼ਾਂ

## ਕੀ ਜਾਣਨਾ ਹੈ

6 ਮਹੀਨੇ ਅਤੇ ਇਸ ਤੋਂ ਵੱਧ ਉਮਰ ਦੇ ਹਰੇਕ ਵਿਅਕਤੀ ਨੂੰ 2024-2025 ਲਈ ਕੋਵਿਡ-19 ਵੈਕਸੀਨ ਦੀ ਡੋਜ਼ ਲੈ ਲੈਣੀ ਚਾਹੀਦੀ ਹੈ। ਵੈਕਸੀਨ ਤੋਂ ਸੁਰੱਖਿਆ ਸਮੇਂ ਦੇ ਨਾਲ ਘਟਦੀ ਜਾਂਦੀ ਹੈ, ਖਾਸ ਤੌਰ 'ਤੇ ਜਦੋਂ ਵਾਇਰਸ ਵੱਖੋ-ਵੱਖ ਰੂਪਾਂ ਵਿੱਚ ਬਦਲਦਾ ਹੈ। ਫਲੂ ਦਾ ਮੌਸਮ ਆ ਰਿਹਾ ਹੈ; **ਕੋਵਿਡ-19 ਦੀ ਵੈਕਸੀਨ ਅਤੇ ਫਲੂ ਸ਼ਾਟ ਇੱਕੋ ਸਮੇਂ ਵਿੱਚ ਲਗਵਾਉਣਾ ਸੁਰੱਖਿਅਤ ਹੈ।**

## ਬ੍ਰਾਂਡਾਂ ਦਾ ਅੰਤਰ

**Moderna ਅਤੇ Pfizer:** 6 ਮਹੀਨੇ ਤੋਂ ਵੱਧ ਉਮਰ ਦੇ ਲੋਕਾਂ ਲਈ
**Novavax:** 12 ਸਾਲ ਤੋਂ ਵੱਧ ਉਮਰ ਦੇ ਲੋਕਾਂ ਲਈ

ਵੈਕਸੀਨ ਇਤਿਹਾਸ ਦੇ ਆਧਾਰ 'ਤੇ ਜ਼ਿਆਦਾ ਵਿਸਤਾਰ 'ਚ ਗਾਈਡਾਂਸ ਦੇ ਲਈ CDC ਵੈੱਬਸਾਈਟ 'ਤੇ ਜਾਓ।

## ਅਪਡੇਟ ਕੀਤੀ ਕੋਵਿਡ-19 ਵੈਕਸੀਨ ਲਗਵਾਉਣਾ ਖਾਸ ਤੌਰ 'ਤੇ ਉਦੋਂ ਮਹੱਤਵਪੂਰਨ ਹੈ ਜਦੋਂ ਤੁਸੀਂ:

- ਕਦੇ ਵੀ ਕੋਵਿਡ-19 ਵੈਕਸੀਨ ਨਹੀਂ ਲਈ
- 65 ਸਾਲ ਅਤੇ ਵੱਧ ਉਮਰ ਦੇ ਹੋ
- ਗੰਭੀਰ ਕੋਵਿਡ-19 ਦੇ ਉੱਚ ਜੋਖਮ 'ਤੇ ਹੋ
- ਲੰਬੇ ਸਮੇਂ ਦੀ ਦੇਖਭਾਲ ਵਾਲੀ ਸਹੂਲਤ ਵਿੱਚ ਰਹਿ ਰਹੇ ਹੋ
- ਗਰਭਵਤੀ ਹੋ, ਸਤਨਪਾਨ ਕਰਵਾਉਂਦੀ ਹੋ, ਗਰਭਧਾਰਨ ਕਰਨ ਦੀ ਕੋਸ਼ਿਸ਼ ਵਿੱਚ ਹੋ, ਜਾਂ ਨੇੜਲੇ ਭਵਿੱਖ ਵਿੱਚ ਗਰਭਵਤੀ ਹੋ ਸਕਦੀ ਹੋ
- ਲੰਬੇ ਸਮੇਂ ਦਾ ਕੋਵਿਡ ਹੋਣ ਦੇ ਖਤਰੇ ਨੂੰ ਘਟਾਉਣਾ ਚਾਹੁੰਦੇ ਹੋ



## ਵੈਕਸੀਨ ਦੀਆਂ ਲੋਕੇਸ਼ਨਾਂ ਕਿਵੇਂ ਪਤਾ ਕਰੀਏ

- ਆਪਣਾ ਜ਼ਿਪਕੋਡ ਇਸ ਨੰਬਰ **438829** 'ਤੇ ਟੈਕਸਟ ਕਰੋ
- 1 (800) 232-0233 'ਤੇ ਕਾਲ ਕਰੋ
- Vaccines.gov (ਸਿਰਫ ਫਾਰਮੇਸੀਆਂ)
- ਆਪਣੇ ਸਥਾਨਕ ਸਿਹਤ ਵਿਭਾਗ ਜਾਂ ਕਮਿਊਨਿਟੀ ਹੈਲਥ ਸੈਂਟਰਾਂ ਨੂੰ ਕਾਲ ਕਰੋ

This publication was made possible by cooperative agreement CDC-RFA-IP21-2106 from the Centers for Disease Control and Prevention (CDC) of the U.S. Department of Health and Human Services (HHS). Its contents are solely the responsibility of the authors and do not represent the official views of CDC/HHS.